aglasem.com

FOR PUNJAB CLASS 12 PREPARATION

PSEB 12th Sample Paper 2027 Computer Application

EXAM	YEAR	TYPE
Punjab Class 12	2027	Sample Paper

ਜਮਾਤ 12ਵੀਂ

ਕੰਪਿਊਟਰ ਐਪਲੀਕੇਸ਼ਨ

ਮਾਡਲ ਪ੍ਰਸ਼ਨ ਪੱਤਰ

(ਸ਼ੈਸ਼ਨ: 2026–27)

ਸਮਾਂ: 3 ਘੰਟੇ **ਕੁੱਲ ਅੰਕ**: 60

ਨੋਟ:

1. ਪ੍ਰਸ਼ਨ ਪੱਤਰ ਚਾਰ ਭਾਗਾਂ (ਭਾਗ ਓ, ਭਾਗ ਅ, ਭਾਗ ੲ ਅਤੇ ਭਾਗ ਸ) ਵਿੱਚ ਵੰਡਿਆ ਗਿਆ ਹੈ।
2. ਭਾਗ–ਓ ਦੇ ਪ੍ਰਸ਼ਨ ਨੰ 1 ਵਿੱਚ 1–1 ਅੰਕ ਵਾਲੇ 15 ਉਪ-ਪ੍ਰਸ਼ਨ ਹਨ।
3. ਭਾਗ–ਅ ਵਿੱਚ ਪ੍ਰਸ਼ਨ ਨੰਬਰ 2 ਤੋਂ 6 ਤੱਕ 2–2 ਅੰਕਾਂ ਦੇ ਬਹੁਤ ਛੋਟੇ ਉੱਤਰਾਂ ਵਾਲੇ 5 ਪ੍ਰਸ਼ਨ ਹਨ।
4. ਭਾਗ–ੲ ਵਿੱਚ ਪ੍ਰਸ਼ਨ ਨੰਬਰ 7 ਤੋਂ 11 ਤੱਕ 4–4 ਅੰਕਾਂ ਦੇ ਛੋਟੇ ਉੱਤਰਾਂ ਵਾਲੇ 5 ਪ੍ਰਸ਼ਨ ਹਨ, ਜਿਹਨਾਂ ਵਿਚੋਂ 2 ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ।
5. ਭਾਗ–ਸ ਵਿੱਚ ਪ੍ਰਸ਼ਨ ਨੰਬਰ 12 ਤੋਂ 14 ਤੱਕ 5–5 ਅੰਕਾਂ ਦੇ ਵੱਡੇ ਉੱਤਰਾਂ ਵਾਲੇ 3 ਪ੍ਰਸ਼ਨ ਹਨ, ਜਿਹਨਾਂ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ।

ਭਾਗ–ਓ (15x1=15 ਅੰਕ)

ਪ੍ਰਸ਼ਨ:1 ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ:

i. ਭਾਰਤੀ ਸੂਚਨਾ ਤਕਨਾਲੋਜੀ ਐਕਟ 2000 _____ ਨੂੰ ਭਾਰਤ ਵਿਚ ਹੋਂਦ ਵਿਚ ਆਇਆ।

ਓ. 17 ਅਕਤੂਬਰ 2000 ਅ. 27 ਨਵੰਬਰ 2003

ੲ. 1 ਜਨਵਰੀ 2006 ਸ. 17 ਅਕਤੂਬਰ 2009

ii. _____ਪ੍ਰੋਗਰਾਮ ਐਲੀਮੈਂਟਸ ਨੂੰ ਦਿੱਤੇ ਗਏ ਨਾਮ ਹੁੰਦੇ ਹਨ ਜਿਵੇਂ ਕਿ **VARIABLE, FUNCTION, CLASS, LIST, TUPLE**

ਓ. **KEYWORDS** ਅ. **TOKENS**

ੲ. **OPERATOR** ਸ. **IDENTIFIER**

iii. _____ ਦਾ ਅਰਥ ਹੈ ਮੁੱਲਾਂ ਨੂੰ ਘਟਦੇ ਜਾਂ ਵਧਦੇ ਕ੍ਰਮ ਵਿਚ ਸਥਾਪਿਤ ਕਰਨਾ।

ਓ. **INDEX** ਅ. **SORT**

ੲ. **SLICE** ਸ. **TRAVERSE**

iv. _____ਇਕ ਨੈਟਵਰਕ ਤੇ ਇੱਕ–ਦੂਜੇ ਨਾਲ ਸੰਚਾਰ ਕਰਨ ਲਈ ਕੰਪਿਊਟਰ ਦੁਆਰਾ ਵਰਤੇ ਜਾਦੇਂ ਨਿਯਮਾਂ ਦਾ ਸਮੂਹ ਹੁੰਦਾ ਹੈ।

v. _____ਜਾਣਕਾਰੀ ਦੇ ਛੋਟੇ ਟੁਕੜੇ ਹਨ ਜੋ ਵੈਬਸਾਈਟ ਉਪਭੋਗਤਾ ਬ੍ਰਾਊਜ਼ਰ ਵਿਚ ਸਟੋਰ ਕਰ ਸਕਦੀ ਹੈ।

vi. _____ਕਲਾਂਇਟ ਸਰਵਰ ਆਰਕੀਟੈਕਚਰ ਦੇ ਅਨਕੂਲ ਸਾਰੇ ਕੰਮ ਕਰਦੀ ਹੈ।

vii. ਸਾਫਟਵੇਅਰ ਡਿਵੈਲਮੈਂਟ ਪ੍ਰੋਸੈਸ ਵਿਚ _____ਪੜਾਅ ਸ਼ਾਮਿਲ ਹੁੰਦੇ ਹਨ।

viii. COUNT() _____ ਕਿਸਮ ਦੇ ਫੰਕਸ਼ਨ ਦੀ ਉਦਾਹਰਣ ਹੈ।

ix. TYPE CONVERSION ਦੇ ਦੋ ਤਰੀਕੇ _____ਅਤੇ _____ ਹਨ।

x. _____ਚਿੰਨ੍ਹ ਰਿਪੀਟੀਸ਼ਨ (ਦੁਹਰਾਓ) ਆਪਰੇਟਰ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

xi. _____Method ਦਿੱਤੇ ਗਏ ਮੁੱਲ ਅਨੁਸਾਰ ਲਿਸਟ ਵਿਚੋਂ ਤੱਤ ਦੀ ਪਹਿਲੀ ਮੋਜੂਦਗੀ ਨੂੰ ਮਿਟਾਉਣ ਲਈ ਵਰਤਿਆ ਜਾਂਦਾ ਹੈ।

xii. RANSOMWARE ਇਕ ਕਿਸਮ ਦਾ _____ ਹੈ।

xiii. SMTP ਦਾ ਪੂਰਾ ਨਾਮ ਲਿਖੋ।

xiv. VPN ਦਾ ਪੂਰਾ ਨਾਮ ਲਿਖੋ।

xv. SDLC ਦਾ ਪੂਰਾ ਨਾਮ ਲਿਖੋ।

ਭਾਗ-ਅ (5x2=10 ਅੰਕ)

ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

2. ਸਹਾਇਤਕ ਚੋਰੀ (PLAGIARISM) ਦਾ ਮਤਲਬ ਕੀ ਹੈ?
3. DML ਕੀ ਹੈ?
4. ਪ੍ਰੋਟੋਟਾਈਪਿੰਗ ਕੀ ਹੈ?
5. IDE ਕੀ ਹੈ?
6. ਤੁਸੀਂ ਪਾਈਥਨ ਵਿਚ ਲਿਸਟ ਦੀ ਲੰਬਾਈ ਕਿਵੇਂ ਪਤਾ ਕਰ ਸਕਦੇ ਹੋ?

ਭਾਗ-ਏ (5x4=20 ਅੰਕ)

ਛੋਟੇ ਉੱਤਰਾਂ ਵਾਲੇ ਪ੍ਰਸ਼ਨ

7. RJ45 ਕੀ ਹੈ?
8. NORMALIZATION ਤੋਂ ਤੁਹਾਡਾ ਕੀ ਭਾਵ ਹੈ?

ਜਾਂ

CLASSICAL WATERFALL MODEL ਦੇ ਵੱਖ-ਵੱਖ ਪੜਾਅ ਦੇ ਨਾਂਮ ਲਿਖੋ।

9. ਪਾਈਥਨ ਵਿਚ FOR LOOP ਦੀ ਵਰਤੋਂ ਕਰਕੇ ਇੱਕ ਪ੍ਰੋਗਰਾਮ ਬਣਾਓ।
10. ਪਾਈਥਨ ਵਿਚ INDEXING ਤੋਂ ਕੀ ਭਾਵ ਹੈ?

ਜਾਂ

ਲਿਸਟ ਦੇ ਕੋਈ ਦੋ BUILT-IN ਫੰਕਸ਼ਨਾਂ ਨੂੰ ਉਦਾਹਰਣ ਸਹਿਤ ਲਿਖੋ।

11. TUPLE PACKING ਤੋਂ ਤੁਸੀਂ ਕੀ ਸਮਝਦੇ ਹੋ?

ਭਾਗ-ਸ (3x5=15 ਅੰਕ)

ਵੱਡੇ ਉੱਤਰਾਂ ਵਾਲੇ ਪ੍ਰਸ਼ਨ

12. E-WASTE ਤੋਂ ਤੁਹਾਡਾ ਕੀ ਭਾਵ ਹੈ? E-WASTE ਦੇ ਨਿਪਟਾਰੇ ਦੇ ਵੱਖ-ਵੱਖ ਤਰੀਕਿਆਂ ਬਾਰੇ ਲਿਖੋ।

ਜਾਂ

CLIENT-SERVER COMPUTING ਕੀ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਲਿਖੋ।

13. CREATE COMMAND ਕੀ ਹੈ। ਇਸ ਦੀ ਵਰਤੋਂ ਕਰਕੇ MYSQL ਵਿੱਚ ਇਕ TABLE ਬਨਾਉਣ ਦੀਆਂ COMMANDS/STEPS ਲਿਖੋ।

ਜਾਂ

ਸਾਫਟਵੇਅਰ ਇੰਜੀਨੀਅਰਿੰਗ ਕੀ ਹੈ? ਇਸਦੇ ਸਿਧਾਤਾਂ ਦਾ ਵਰਨਣ ਕਰੋ।

14. PYTHON ਵਿਚ NUMERICAL DATA TYPES ਦਾ ਵਰਨਣ ਕਰੋ।

ਜਾਂ

PYTHON ਵਿੱਚ NESTED IF-ELSE ਦੀ ਵਰਤੋਂ ਕਰਕੇ ਇੱਕ ਪ੍ਰੋਗਰਾਮ ਲਿਖੋ।